# PUNJAB VICH UCHERI SIKHIYA : SATHITI, SAMSIYAVAN, SAMVABHNAVAN ATE HALL

# ਪੰਜਾਬ ਵਿੱਚ ਉਚੇਰੀ ਸਿੱਖਿਆ : ਸਥਿਤੀ, ਸਮੱਸਿਆਵਾਂ, ਸੰਭਾਵਨਾਵਾਂ ਅਤੇ ਹੱਲ

ਡਾ. ਰਵਿੰਦਰ ਕੌਰ (Dr. Ravinder Kaur)

ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ

ਖ਼ਾਲਸਾ ਕਾਲਜ, ਗੜ੍ਹਦੀਵਾਲਾ, ਹੁਸ਼ਿਆਰਪੁਰ (ਪੰਜਾਬ)

Email ID: ravinder_ksona@yahoo.com ਮੋਬਾਈਲ: +91-98763-32388

**ਸਾਰ (Abstract)**

*ਉਚੇਰੀ ਸਿੱਖਿਆ ਦੇ ਖੇਤਰ ਵਿੱਚ ਜਿੱਥੇ ਬਹੁਤ ਕੁਝ ਚੰਗਾ ਵਾਪਰਿਆ, ਉੱਥੇ ਉੱਚ ਸਿੱਖਿਆ ਦੇ ਵਿਦਿਅਕ ਅਦਾਰੇ ਬੜੀ ਤੇਜ਼ੀ ਨਾਲ ਵਪਾਰਕ ਕਾਰੋਬਾਰ ਦਾ ਕੇਂਦਰ ਬਣ ਕੇ ਰਹਿ ਗਏ ਹਨ। ਅਜੋਕੀ ਸਿੱਖਿਆ ਪ੍ਰਣਾਲੀ ਅੰਦਰ ਵੱਡੀ ਘਾਟ ਜਾਂ ਊਣਤਾਈ ਇਹ ਹੈ ਕਿ ਇਸ ਨੂੰ ਗ੍ਰਹਿਣ ਕਰਕੇ ਮਨੁੱਖ ਅੰਦਰਲੀ ਨਿਰਸ਼ਲਤਾ ਅਤੇ ਭਰਿਸ਼ਟਤਾ ਘਟਣ ਦੀ ਬਜਾਏ ਵੱਧਦੀ ਜਾ ਰਹੀ ਹੈ। ਬਹੁ ਗਿਣਤੀ ਪੜ੍ਹਿਆ ਲਿਖਿਆ ਵਰਗ ਭਰਿਸ਼ਟ ਜਾਂ ਗਲਤ ਢੰਗਾਂ ਨਾਲ ਵੱਧ ਤੋਂ ਵੱਧ ਧਨ ਕਮਾਉਣ ਨੂੰ ਹੀ ਆਪਣੀ ਪ੍ਰਾਪਤੀ ਸਮਝਣ ਲੱਗ ਪਿਆ ਹੈ। ਅਜੋਕੇ ਦੌਰ ਵਿੱਚ ਇਹ ਵਰਤਾਰਾ ਡਾਕਟਰੀ ਖੇਤਰ, ਪ੍ਰਸ਼ਾਸਨਿਕ ਖੇਤਰ, ਸੱਤਾ ਪ੍ਰਾਪਤ ਖੇਤਰ ਅਤੇ ਵਿਦਿਅਕ ਖੇਤਰ ਆਦਿ ਲਗਭਗ ਸਾਰੇ ਹੀ ਖੇਤਰਾਂ ਵਿੱਚ ਦੇਖਣ ਨੂੰ ਮਿਲਦਾ ਹੈ। ਇਸ ਤਰ੍ਹਾਂ ਧਰਮ, ਰਾਜਨੀਤੀ, ਸੱਭਿਆਚਾਰ ਤੇ ਸਿੱਖਿਆ ਇਹ ਚਾਰੇ ਤਰਜੀਹਾਂ ਜੋ ਸਮਾਜ ਲਈ ਚੰਗਾ ਮਾੜਾ ਸਿਰਜਣ ਦੀ ਤਾਕਤ ਰੱਖਦੀਆਂ ਹਨ, ਬਾਜ਼ਾਰ ਦੇ ਪ੍ਰਭਾਵ ਹੇਠ ਹਨ। ਬਾਜ਼ਾਰ ਕਿਸੇ ਨਾ ਕਿਸੇ ਰੂਪ ਵਿੱਚ ਇਹਨਾਂ ਨੂੰ ਸੰਚਾਲਿਤ ਕਰ ਰਿਹਾ ਹੈ। ਉੱਚ ਸਿੱਖਿਆ ਦੇ ਖੇਤਰ ਵਿੱਚ ਵੀ ਇਹੋ ਕੁਝ ਵਾਪਰ ਰਿਹਾ ਹੈ। ਉੱਚ ਸਿੱਖਿਆ ਦੇ ਖੇਤਰ ਵਿੱਚ ਬਾਜ਼ਾਰ-ਮੁਖੀ ਤਰਜੀਹਾਂ ਨੂੰ ਅੱਗੇ ਵਧਾਉਣ ਲਈ ਇਹ ਹੀ ਦੇਖਿਆ ਜਾ ਰਿਹਾ ਹੈ ਕਿ ਕਿੱਥੋਂ, ਕਿੰਨਾ ਤੇ ਕਿਵੇਂ ਧਨ ਕਮਾਇਆ ਜਾ ਸਕਦਾ ਹੈ। ਪੰਜਾਬ ਵਿੱਚ ਉਚੇਰੀ ਸਿੱਖਿਆ ਮਹਿੰਗੀ, ਸੀਮਤ ਅਤੇ ਸਮੱਸਿਆਵਾਂ ਭਰਪੂਰ ਹੋ ਗਈ ਹੈ। ਉਚੇਰੀ ਸਿੱਖਿਆ ਸਮਾਜਿਕ ਤਬਦੀਲੀ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ ਪਰ ਜੇਕਰ ਇਹ ਹੀ ਮੁਨਾਫ਼ਾ ਅਧਾਰਿਤ ਵਰਤਾਰੇ ਦਾ ਅੰਗ ਬਣ ਜਾਵੇ ਤਾਂ ਇਹ ਸਮਾਜ ਅੰਦਰ ਖਪਤਕਾਰੀ ਸੱਭਿਆਚਾਰ ਪੈਦਾ ਕਰੇਗੀ। ਪਦਾਰਥਵਾਦੀ ਦੌੜ ਵਾਲੇ ਇਸ ਯੁੱਗ ਵਿੱਚ ਜਦੋਂ ਪੰਜਾਬ ਉਚੇਰੀ ਸਿੱਖਿਆ ਦੇ ਖੇਤਰ ਪੱਖੋਂ ਨਿਘਾਰ ਵੱਲ ਜਾ ਰਿਹਾ ਹੈ ਤਾਂ ਸਾਡੀਆਂ ਸਰਕਾਰਾਂ ਦਾ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਉਚੇਰੀ ਸਿੱਖਿਆ ਨਾਲ ਜੁੜੇ ਸੰਵੇਦਨਸ਼ੀਲ ਮਸਲਿਆਂ ਨੂੰ ਗੰਭੀਰਤਾ ਨਾਲ ਲੈਣਾ ਵੱਡੀ ਜ਼ਿੰਮੇਵਾਰੀ ਬਣਦੀ ਹੈ।*

***ਕੀਵਰਡ (Keyword): ਉਚੇਰੀ ਸਿੱਖਿਆ, ਸਿੱਖਿਆ ਪ੍ਰਣਾਲੀ, ਨਿੱਜੀਕਰਨ, ਸਰਬਪੱਖੀ ਵਿਕਾਸ, ਸਮੱਸਿਆਵਾਂ, ਸੰਭਾਵਨਾਵਾਂ, ਹੱਲ।***

ਉਚੇਰੀ ਸਿੱਖਿਆ ਜਿੱਥੇ ਆਰਥਿਕਤਾ, ਤਕਨੀਕੀ ਅਤੇ ਸਮਾਜਿਕ ਤਬਦੀਲੀ ਨੂੰ ਉਤਸ਼ਾਹਿਤ ਕਰਦੀ ਹੈ, ਉੱਥੇ ਮਨੁੱਖ ਦੇ ਸਰਬ-ਪੱਖੀ ਵਿਕਾਸ ਵਿੱਚ ਵਿਸ਼ੇਸ਼ ਭੂਮੀਕਾ ਨਿਭਾਉਂਦੀ ਹੋਈ ਰਾਸ਼ਟਰੀ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਇਹ ਗਿਆਨ, ਖੋਜ ਅਤੇ ਨਵੀਨਤਾ ਦੇ ਅਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਦੀ ਹੈ। ਦੇਸ਼ ਵਿੱਚ ਸਮੇਂ-ਸਮੇਂ ਸਿੱਖਿਆ ਨੀਤੀਆਂ ਹੋਂਦ ਵਿੱਚ ਆਉਂਦੀਆਂ ਰਹਿੰਦੀਆਂ ਹਨ ਅਤੇ ਇਹਨਾਂ ਵਿੱਚ ਬਦਲਾਓ ਵੀ ਆਉਂਦੇ ਰਹਿੰਦੇ ਹਨ। 21ਵੀਂ ਸਦੀ ਦੇ ਇਸ ਪੜਾਅ 'ਤੇ ਕੌਮੀ ਸਿੱਖਿਆ ਨੀਤੀ- 1986 ਦੀ ਥਾਂ 'ਤੇ ਨਵੀਂ ਸਿੱਖਿਆ ਨੀਤੀ-2020 ਹੋਂਦ ਵਿੱਚ ਆਉਣ ਦਾ ਐਲਾਨ ਕੀਤਾ ਗਿਆ ਹੈ। ਇਹ ਸਿੱਖਿਆ ਨੀਤੀ ਜਿਸ ਨੂੰ ਕੌਮੀ ਸਿੱਖਿਆ ਨੀਤੀ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ ਦੇਸ਼ ਅੰਦਰ ਸਿੱਖਿਆ ਦੇ ਖੇਤਰ ਵਿੱਚ ਵੱਡੇ-ਵੱਡੇ ਬਦਲਾਅ ਦੇ ਦਾਅਵੇ ਕਰਦੀ ਹੈ। ਪਰ ਇਹ ਨੀਤੀ ਆਪਣੀ ਕਹਿਣੀ ਤੇ ਕਰਨੀ ਉੱਪਰ ਕਿੰਨਾ ਕੁ ਪੂਰਾ ਉਤਰਦੀ ਹੈ ਇਹ ਸਮਾਂ ਤੈਅ ਕਰੇਗਾ। ਇਸ ਵਿਸ਼ੇ ਉੱਪਰ ਹੁਣ ਤੱਕ ਹੋਏ ਸੰਵਾਦਾਂ ਵਿਚੋਂ ਇਹ ਗੱਲ ਦੀ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਇਹ ਨੀਤੀ ਉਚੇਰੀ ਸਿੱਖਿਆ ਦਾ ਵੱਡੇ ਪੱਧਰ 'ਤੇ ਨਿੱਜੀਕਰਨ ਅਤੇ ਵਪਾਰੀਕਰਨ ਉੱਪਰ ਜ਼ੋਰ ਦਿੰਦੀ ਹੈ। ਇਸ ਨੀਤੀ ਵਿਚੋਂ ਸਿੱਖਿਆ ਅਤੇ ਰੁਜ਼ਗਾਰ ਨੂੰ ਕੇਵਲ ਉੱਚ ਵਰਗ ਤੱਕ ਸੀਮਤ ਕਰਨ ਦੇ ਸੰਕੇਤ ਮਿਲਦੇ ਹਨ। ਮੌਜੂਦਾ ਸਮੇਂ ਵਿੱਚ ਪੰਜਾਬ ਵਰਗੇ ਸੂਬੇ ਦੀਆਂ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਖ਼ਾਸ ਕਰ ਯੂਨੀਵਰਸਿਟੀਆਂ ਬਹੁਤ ਸਾਰੇ ਕਾਰਨਾਂ ਕਰਕੇ ਵਿੱਤੀ

ਸੰਕਟ ਦੇ ਨਾਲ- ਨਾਲ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਜੂਝ ਰਹੀਆਂ ਹਨ। ਅਜਿਹੀ ਸਥਿਤੀ ਵਿੱਚ ਪੰਜਾਬ ਵਿੱਚ ਉਚੇਰੀ ਸਿੱਖਿਆ ਦੀ ਸਥਿਤੀ ਕਿਸ ਤਰ੍ਹਾਂ ਦੀ ਹੋਵੇਗੀ, ਪੰਜਾਬ ਵਿੱਚ ਉਚੇਰੀ ਸਿੱਖਿਆ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਨਾਲ ਪਹਿਲਾਂ ਤੋਂ ਹੀ ਜੂਝ ਰਹੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਉਚੇਰੀ ਸਿੱਖਿਆ ਨੂੰ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਜਿਹੇ ਮਸਲੇ ਹੀ ਇਸ ਪੇਪਰ ਦਾ ਵਿਸ਼ਾ ਹਨ। ਪੰਜਾਬ ਦੀ ਉਚੇਰੀ ਸਿੱਖਿਆ ਨੂੰ ਦਰਪੇਸ਼ ਮਸਲਿਆਂ ਜਾਂ ਸਮੱਸਿਆਵਾਂ ਦੇ ਹੱਲ ਸੰਬੰਧੀ ਕੁਝ ਸੁਝਾਅ ਵੀ ਇਸ ਪੇਪਰ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਸਿੱਖਿਆ ਮਨੁੱਖ ਦਾ ਤੀਜਾ ਨੇਤਰ, ਵਿਅਕਤੀ ਦਾ ਬਹੁਮੁੱਲਾ ਗਹਿਣਾ, ਸਖ਼ਸ਼ੀਅਤ ਵਿਕਾਸ ਦਾ ਆਧਾਰ ਅਤੇ ਸਮਾਜਿਕ ਵਿਕਾਸ ਦਾ ਧੁਰਾ ਹੈ। ਸਿੱਖਿਆ ਮਨੁੱਖ ਦੇ ਚਰਿੱਤਰ, ਬੌਧਿਕ ਅਤੇ ਸਰੀਰਕ ਵਿਕਾਸ ਅਰਥਾਤ ਸਰਬਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਕਿਸੇ ਵੀ ਮੁਲਕ ਦਾ ਆਰਥਿਕ ਵਿਕਾਸ ਚੰਗੀ ਸਿਹਤ ਅਤੇ ਸਿੱਖਿਆ ਪ੍ਰਣਾਲੀ 'ਤੇ ਨਿਰਭਰ ਕਰਦਾ ਹੈ। ਪੜ੍ਹਾਈ ਦਾ ਅਰਥ ਹੈ, ਜ਼ਿੰਦਗੀ ਲਈ ਸਿੱਖਣਾ। ਸਿੱਖਿਆ ਦੀ ਭੂਮਿਕਾ ਸਮਾਜ ਦੇ ਵਿਕਾਸ ਅਤੇ ਬਰਾਬਰੀ ਵਾਲੇ ਸੋਹਣੇ ਸਮਾਜ ਦੀ ਸਿਰਜਣਾ ਵਾਸਤੇ ਅਹਿਮ ਹੈ। ਸੁਆਮੀ ਵਿਵੇਕਾਨੰਦ ਅਨੁਸਾਰ,

> *'ਸਿੱਖਿਆ ਚਰਿੱਤਰ ਨਿਰਮਾਣ ਕਰਦੀ ਹੈ।' "ਉੱਚ ਸਿੱਖਿਆ ਵਿੱਚ ਸਿਖਲਾਈ, ਖੋਜ, ਲਾਗੂ ਕੀਤੇ ਕਾਰਜਾਂ (ਜਿਵੇਂ ਮੈਡੀਕਲ ਸਕੂਲ ਅਤੇ ਡੈਂਟਲ ਸਕੂਲ ) ਅਤੇ ਯੂਨੀਵਰਸਿਟੀਆਂ ਦੀਆਂ ਸਮਾਜਿਕ ਸੇਵਾਵਾਂ ਆਦਿ ਸ਼ਾਮਿਲ ਹਨ। ਸਿੱਖਿਆ ਦੇ ਖੇਤਰ ਵਿੱਚ ਅੰਡਰ-ਗ੍ਰੈਜੁਏਟ ਅਤੇ ਇਸ ਤੋਂ ਅੱਗੇ ਗ੍ਰੈਜੂਏਟ ਪੱਧਰ (ਜਾਂ ਪੋਸਟ-ਗ੍ਰੈਜੂਏਟ ਪੱਧਰ ) ਦੋਵੇਂ ਸ਼ਾਮਿਲ ਹਨ।"*[1]

ਉੱਚ ਸਿੱਖਿਆ ਮਨੁੱਖਤਾ ਨੂੰ ਸਮਾਜ ਅੰਦਰ ਚੱਲ ਰਹੇ ਗੰਭੀਰ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ, ਨੈਤਿਕ ਅਤੇ ਸਭਿਆਚਾਰਕ ਮੁੱਦਿਆਂ 'ਤੇ ਵਿਚਾਰ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਇਹ ਵਿਸ਼ੇਸ਼ ਗਿਆਨ ਅਤੇ ਹੁਨਰ ਦੇ ਪ੍ਰਸਾਰ ਦੁਆਰਾ ਰਾਸ਼ਟਰੀ ਵਿਕਾਸ ਵਿੱਚ ਯੋਗਦਾਨ ਪਾਉਂਦੀ ਹੈ। "ਇਤਿਹਾਸ ਦੇ ਪੰਨੇ ਪਰਤਣ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਉਚੇਰੀ ਸਿੱਖਿਆ ਅਤੇ ਗਿਆਨ ਦੀ ਧਾਰਨਾ ਵੈਦਿਕ ਕਾਲ ਵਿੱਚ ਰਿਸ਼ੀਆਂ ਅਤੇ ਪੰਡਿਤਾਂ ਦੁਆਰਾ ਸ਼ੁਰੂ ਕੀਤੀ ਗਈ ਮੰਨੀ ਜਾਂਦੀ ਹੈ। ਸਿੱਖਿਆ ਦੀ ਮੁੱਢਲੀ ਗੁਰੂ ਕੁਲ ਪ੍ਰਣਾਲੀ ਵੈਦਿਕ ਅਤੇ ਉਪਨਿਸ਼ਦ ਕਾਲ ਵਿੱਚ ਕਾਫ਼ੀ ਪ੍ਰਫੁੱਲਤ ਹੋਈ ਅਤੇ ਪਹਿਲੀ ਵੱਡੀ ਯੂਨੀਵਰਸਿਟੀ ਛੇਵੀਂ ਸਦੀ ਈਸਾ ਪੂਰਬ ਵਿੱਚ ਟੈਕਸਲਾ ਵਿਖੇ ਸਥਾਪਿਤ ਹੋਈ। ਨਲੰਦਾ ਅਤੇ ਵਿਕਰਮਸਿਲਾ ਯੂਨੀਵਰਸਿਟੀਆਂ ਚੌਥੀ ਅਤੇ ਪੰਜਵੀਂ ਸਦੀ ਵਿੱਚ ਸਥਾਪਿਤ ਕੀਤੀਆਂ ਗਈਆਂ। ਕਿਹਾ ਜਾਂਦਾ ਹੈ ਕਿ,

> *ਭਾਰਤ ਦੀ ਉਚੇਰੀ ਸਿੱਖਿਆ ਦੇ ਖ਼ੇਤਰ ਵਿੱਚ ਬਹੁਤ ਮਹਾਨ ਵਿਰਾਸਤ ਹੈ। ..... ਪ੍ਰਾਚੀਨ ਭਾਰਤ ਵਿੱਚ ਸਰਜਰੀ ਅਤੇ ਦਵਾਈਆਂ ਦੇ ਖੇਤਰ ਵਿੱਚ ਦੇਸ਼ ਦਾ ਬਹੁਤ ਉੱਚਾ ਰੁਤਬਾ ਸੀ। ਫ਼ਿਲਾਸਫ਼ੀ, ਸਾਹਿਤ ਅਤੇ ਯੋਗਿਕ ਗਿਆਨ ਦੇ ਖ਼ੇਤਰ ਵਿੱਚ ਵੀ ਭਾਰਤ ਦੀਆਂ ਪ੍ਰਾਚੀਨ ਅਤੇ ਮੱਧਕਾਲੀਨ ਸਮੇਂ ਵਿੱਚ ਬਹੁਤ ਪ੍ਰਾਪਤੀਆਂ ਰਹੀਆਂ ਹਨ। "*[2]

ਵਰਤਮਾਨ ਉਚੇਰੀ ਸਿੱਖਿਆ ਪ੍ਰਣਾਲੀ ਤਕਰੀਬਨ ਡੇਢ ਕੁ ਸਦੀ ਪੁਰਾਣੀ ਹੈ। 21ਵੀਂ ਸਦੀ ਦਾ ਯੁਗ ਗਿਆਨ- ਵਿਗਿਆਨ ਦਾ ਯੁਗ ਹੈ। ਅਜੋਕੇ ਉਪਭੋਗੀ ਸੱਭਿਆਚਾਰ ਵਿੱਚ ਮਨੁੱਖ ਪਦਾਰਥਕ ਲਾਲਸਾਵਾਂ ਤਹਿਤ ਭੌਤਿਕ ਪਦਾਰਥਾਂ ਪਿੱਛੇ ਅੰਨ੍ਹੇਵਾਹ ਦੌੜ ਰਿਹਾ ਹੈ। ਸਮਾਜ ਦਾ ਲਗਭਗ ਹਰ ਖ਼ੇਤਰ ਮੰਡੀ ਦੇ ਪ੍ਰਭਾਵ ਹੇਠ ਹੈ। ਧਰਮ, ਰਾਜਨੀਤੀ, ਸੱਭਿਆਚਾਰ ਅਤੇ ਸਿੱਖਿਆ ਇਹ ਚਾਰੇ ਤਰਜੀਹਾਂ ਜੋ ਸਮਾਜ ਲਈ ਚੰਗਾ-ਮਾੜਾ ਸਿਰਜਣ ਦੀ ਤਾਕਤ ਰੱਖਦੀਆਂ ਹਨ, ਬਾਜ਼ਾਰ ਦੇ ਪ੍ਰਭਾਵ ਹੇਠ ਹਨ। ਬਾਜ਼ਾਰ ਕਿਸੇ ਨਾ ਕਿਸੇ ਰੂਪ ਵਿੱਚ ਇਹਨਾਂ ਨੂੰ ਸੰਚਾਲਿਤ ਕਰ ਰਿਹਾ ਹੈ।

> *"ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਅਤੇ ਪੂਰਬੀ ਯੂਰਪ ਵਿੱਚ ਸਮਾਜਵਾਦੀ ਨਿਜ਼ਾਮਾਂ ਦੇ ਢਹਿ ਢੇਰੀ ਹੋਣ ਤੋਂ ਬਾਅਦ ਗੰਭੀਰ ਆਰਥਿਕ ਸੰਕਟ ਵਿੱਚ ਫ਼ਸੇ ਹਿੰਦੁਸਤਾਨ ਨੇ ਵੀ ਵਿਸ਼ਵ ਮੰਡੀ ਨਾਲ ਜੁੜਨ, ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਲਾਗੂ ਕਰਨ ਵਿੱਚ ਆਪਣੀ ਭਲਾਈ ਸਮਝੀ। ਇਹਨਾਂ ਨੀਤੀਆਂ ਕਾਰਨ ਸਿੱਖਿਆ ਅਤੇ ਸਿਹਤ ਵਰਗੇ ਜ਼ਰੂਰੀ ਖੇਤਰ ਮੰਦੀ ਆਰਥਿਕਤਾ ਦੇ ਪ੍ਰਭਾਵ ਅਧੀਨ ਆ ਗਏ। ਖੁੱਲ੍ਹੀ ਖਰੀਦੋ-ਫਰੋਖ਼ਤ ਦੇ ਸਨਮੁੱਖ ਇਹ ਮਹੱਤਵਪੂਰਨ ਸੇਵਾਵਾਂ ਸਮਾਜ-ਮੁੱਖੀ ਜਾਂ ਲੋਕ-ਪੱਖੀ ਖ਼ਾਸਾ ਗੁਆ ਕੇ ਵਪਾਰ-ਮੁਖੀ ਅਤੇ ਮੁਨਾਫ਼ਾ-ਮੁਖੀ ਬਣ ਗਈਆਂ। ਦਹਿਸ਼ਤਗਰਦੀ ਦੀ ਮਾਰ ਵਿੱਚੋਂ ਉਭਰਦਾ ਪੰਜਾਬ ਇਹਨਾਂ ਨੀਤੀਆਂ ਨੂੰ ਲਾਗੂ ਕਰਨ ਵਿੱਚ ਪਹਿਲੀਆਂ ਕਤਾਰਾਂ ਵਿੱਚ ਸੀ। ਇਥੋਂ ਦੀਆਂ ਸਰਕਾਰਾਂ ਬਹੁਤ ਜਲਦੀ ਲੋਕਾਂ ਨੂੰ ਸਿਹਤ ਅਤੇ ਸਿੱਖਿਆ ਦੇਣ ਦੀ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਗਈਆਂ। ਜਿਸ*

*ਕਾਰਨ ਪੰਜਾਬ ਵਿੱਚ ਇਨ੍ਹਾਂ ਖੇਤਰਾਂ ਵਿੱਚ ਨਿੱਜੀਕਰਨ ਅਤੇ ਵਪਾਰੀਕਰਨ ਦੀ ਗਤੀ ਦੇਸ਼ ਦੇ ਦੂਜੇ ਹਿੱਸਿਆਂ ਨਾਲੋਂ ਵੱਧ ਸੀ।* "[3]

ਉਹ ਸਿੱਖਿਆ ਪ੍ਰਣਾਲੀ ਜੋ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਵਿਕਸਿਤ ਹੋਈ ਸੀ, ਇਸ ਖ਼ੇਤਰ ਵਿੱਚ ਜਿੱਥੇ ਬਹੁਤ ਕੁਝ ਚੰਗਾ ਵਾਪਰਿਆ ਹੈ, ਉੱਥੇ ਅੱਜ ਇਹ ਖ਼ੇਤਰ ਵੀ ਮੰਡੀ ਦੀ ਵਸਤੂ ਬਣ ਕੇ ਰਹਿ ਗਿਆ ਹੈ। ਉੱਚ ਸਿੱਖਿਆ ਦਾ ਖ਼ੇਤਰ ਵੱਡੇ ਪੱਧਰ 'ਤੇ ਨਿਘਾਰ ਵੱਲ ਜਾ ਰਿਹਾ ਹੈ। ਗੁਰਮੀਤ ਸਿੰਘ ਪਲਾਹੀ ਨੇ ਆਪਣੇ ਇਕ ਲੇਖ ਵਿੱਚ ਜ਼ਿਕਰ ਕੀਤਾ ਹੈ-

*"ਭਾਰਤ ਵਿੱਚ ਉਚੇਰੀ ਸਿੱਖਿਆ ਪ੍ਰਦਾਨ ਕਰਨ ਵਾਲੇ ਕਈ ਬਿਹਤਰਹੀਨ ਸੰਸਥਾਨ ਹਨ, ਜਿਥੋਂ ਪੜ੍ਹਾਈ ਕਰਨ ਵਾਲਿਆਂ ਦੀ ਬਾਹਰ ਵੱਡੀ ਮੰਗ ਹੈ। ਮਾਈਕਰੋਸਫਟ ਹੋਵੇ ਜਾਂ ਨਾਸਾ ਇਹਨਾਂ ਸਾਰੀਆਂ ਭਾਰਤੀ ਪ੍ਰਤਿਭਾਸ਼ੀਲ ਸੰਸਥਾਵਾਂ ਦਾ ਖ਼ੂਬ ਬੋਲ-ਬਾਲਾ ਹੈ। ਸਾਡੀ ਆਈ.ਆਈ.ਐਮ., ਆਈ.ਆਈ.ਟੀ. ਦੁਨੀਆਂ ਭਰ ਵਿੱਚ ਆਦਰ ਸਤਿਕਾਰ ਦੀ ਨਿਗਾਹ ਨਾਲ ਦੇਖੀ ਜਾਂਦੀ ਹੈ। ਬੰਗਲੌਰ ਸਥਿਤ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਨੂੰ 2021 ਵਿੱਚ ਬਿਹਤਰ-ਹੀਨ ਯੂਨੀਵਰਸਿਟੀ ਦਾ ਖ਼ਿਤਾਬ ਮਿਲਿਆ ਪਰ ਸਾਡੇ ਦੇਸ਼ ਦਾ ਜੋ ਆਕਾਰ ਹੈ ਉਸ ਦੇ ਅਨੁਪਾਤ ਵਿੱਚ ਇਹੋ ਜਿਹੀ ਗੁਣਵੱਤਾ ਵਾਲੀਆਂ ਸੰਸਥਾਵਾਂ ਦੀ ਕਮੀ ਕਾਫ਼ੀ ਜ਼ਿਆਦਾ ਹੈ। ..... ਪੰਜਾਬ ਸਰਕਾਰ ਨੇ ਯੂਨੀਵਰਸਿਟੀ ਲਈ ਚਾਂਸਲਰ, ਵਾਈਸ-ਚਾਂਸਲਰ ਲਗਾਉਣ ਦੇ ਅਧਿਕਾਰ ਪ੍ਰਬੰਧਕਾਂ ਨੂੰ ਦੇ ਰੱਖੇ ਹਨ। .... ਇਨ੍ਹਾਂ ਸੰਸਥਾਵਾਂ ਵਿੱਚ ਟੀਚਰਾਂ ਦਾ ਸ਼ੋਸ਼ਣ ਹੁੰਦਾ ਹੈ। .... ਵਿਦਿਆਰਥੀਆਂ ਤੋਂ ਫ਼ੀਸ ਦੀ ਵੱਧ ਉਗਰਾਹੀ, ਅਧਿਆਪਕਾਂ ਅਤੇ ਹੋਰ ਮਸਲੇ 'ਤੇ ਬੁਨਿਆਦੀ ਲੋੜਾਂ ਉੱਤੇ ਘੱਟ ਖ਼ਰਚ ਕੇ ਇਹਨਾਂ ਯੂਨੀਵਰਸਿਟੀਆਂ ਨੂੰ ਲਾਭ ਕਮਾਉਣ ਲਈ ਵਰਤਿਆ ਜਾਂਦਾ ਹੈ।* "[4]

ਅਜੋਕੇ ਦੌਰ ਵਿੱਚ ਉੱਚ ਵਿੱਦਿਆ ਦਾ ਖ਼ੇਤਰ ਪੈਸੇ ਨਿਵੇਸ਼ ਕਰਨ ਵਾਲਾ ਅਤੇ ਮੁਨਾਫ਼ਾ ਕਮਾਉਣ ਵਾਲਾ ਖ਼ੇਤਰ ਬਣ ਕੇ ਰਹਿ ਗਿਆ ਹੈ। ਨਿੱਜੀ ਵਿਦਿਅਕ ਅਦਾਰਿਆਂ ਦੀ ਭਰਮਾਰ ਵੱਧ ਗਈ ਹੈ। ਇਨ੍ਹਾਂ ਵਿਦਿਅਕ ਅਦਾਰਿਆਂ ਦੇ ਮਾਲਕਾਂ ਵੱਲੋਂ ਆਪਣੀਆਂ ਇਮਾਰਤਾਂ ਦੀ ਚਮਕ-ਦਮਕ ਦਿਖਾ ਕੇ ਸੁੱਖ -ਸਹੂਲਤਾਂ ਦਾ ਲਾਲਚ ਦੇ ਕੇ ਅਤੇ ਵਿਦਿਆਰਥੀਆਂ ਨੂੰ ਵੱਡੇ-ਵੱਡੇ ਸੁਪਨੇ ਦਿਖਾ ਕੇ ਭਰਮਾਇਆ ਜਾਂਦਾ ਹੈ। ਇਨ੍ਹਾਂ ਨਿੱਜੀ ਵਿਦਿਅਕ ਅਦਾਰਿਆਂ ਵਿੱਚ ਧਨਾਢ ਅਤੇ ਸਿਆਸੀ ਲੀਡਰਾਂ ਦੀ ਹਿੱਸੇਦਾਰੀ ਹੁੰਦੀ ਹੈ। ਡਾ. ਅਜੀਤ ਪਾਲ ਸਿੰਘ ਨੇ ਆਪਣੇ ਇੱਕ ਲੇਖ ਵਿੱਚ ਉੱਚ ਵਿਦਿਅਕ ਅਦਾਰਿਆਂ ਦੀ ਅਜੋਕੀ ਸਥਿਤੀ ਸੰਬੰਧੀ ਚਰਚਾ ਕਰਦਿਆਂ ਕਿਹਾ ਹੈ-

*"ਜਿੱਥੇ-ਜਿੱਥੇ ਨਿੱਜੀ ਸਰਮਾਏਦਾਰਾਂ ਦੀ ਘੁਸਪੈਠ ਹੋਈ ਹੈ ਉੱਥੇ ਇਨ੍ਹਾਂ ਨੇ ਉੱਚ ਸਿੱਖਿਆ ਦੇ ਪੱਧਰ ਨੂੰ ਹੇਠਾਂ ਸੁੱਟਿਆ ਹੈ ਤੇ ਨਾਲ ਹੀ ਗ਼ੈਰ ਬਰਾਬਰੀ ਨੂੰ ਹੱਲਾਸ਼ੇਰੀ ਦਿੱਤੀ ਹੈ। ਇਹ ਸੋਚ ਬਿਲਕੁਲ ਗ਼ਲਤ ਹੈ ਕਿ ਉੱਚ ਸਿੱਖਿਆ ਨੂੰ ਕਿਸੇ ਵੀ ਤਰ੍ਹਾਂ ਅੱਗੇ ਵਧਣਾ ਚਾਹੀਦਾ ਹੈ, ਚਾਹੇ ਨਿੱਜੀਕਰਨ ਨਾਲ ਹੀ ਸਹੀ। ਲਾਤੀਨੀ-ਅਮਰੀਕੀ ਦੇਸ਼ਾਂ ਤੇ ਫਿਲਪੀਸਾਂਚ ਉੱਚ ਸਿੱਖਿਆ ਦੇ ਵਿਸਥਾਰ 'ਚ ਨਿੱਜੀ ਸਰਮਾਏਦਾਰਾਂ ਦਾ ਹੱਥ ਰਿਹਾ ਹੈ, ਪਰ ਉਥੋਂ ਦਾ ਸਮਾਜ ਆਰਥਿਕ, ਸਮਾਜਿਕ, ਰਾਜਸੀ ਜਾਂ ਸਿੱਖਿਆ ਕਿਸੇ ਵੀ ਮਸਲੇ 'ਚ ਪ੍ਰਗਤੀ ਨਹੀਂ ਕਰ ਸਕਿਆ। ਦੂਜੇ ਪਾਸੇ ਯੂਰਪ ਤੇ ਅਮਰੀਕਾ ਜੋ ਅੱਜ ਪੂਰੀ ਦੁਨੀਆਂ ਵਿੱਚ ਨਿੱਜੀਕਰਨ ਦਾ ਉਪਦੇਸ਼ ਦਿੰਦੇ ਫਿਰ ਰਹੇ ਹਨ, ਉਥੋਂ ਦੀਆਂ ਸਰਕਾਰਾਂ ਨੇ ਖ਼ੁਦ ਉੱਚ ਸਿੱਖਿਆ ਪ੍ਰਣਾਲੀ ਦੇ ਵਿਸਥਾਰ 'ਤੇ ਭਰਪੂਰ ਧਿਆਨ ਦਿੱਤਾ ਹੈ ਤੇ ਅੱਜ ਵੀ ਦੇ ਰਹੇ ਹਨ। ਕੁਝ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਸਿੱਖਿਆ ਦੇ ਨਿੱਜੀਕਰਨ 'ਚ ਕੋਈ ਬੁਰਾਈ ਨਹੀਂ ਤੇ ਇਸ ਨੂੰ ਹੱਲਾਸ਼ੇਰੀ ਦਿੱਤੀ ਜਾਣੀ ਚਾਹੀਦੀ ਹੈ, ਬਸ਼ਰਤੇ ਇਸ ਦਾ ਵਪਾਰੀਕਰਨ ਨਾ ਹੋਵੇ। ਪਰ ਇਸ ਸਿਧਾਂਤ ਤੇ ਅਮਲ 'ਚ ਨਿੱਜੀਕਰਨ ਅਤੇ ਵਪਾਰੀਕਰਨ 'ਚ ਕੋਈ ਫ਼ਰਕ ਨਹੀਂ ਹੈ। ਦੋਨਾਂ ਦਾ ਮਕਸਦ ਇੱਕ ਹੀ ਹੈ- ਵੱਧ ਕਮਾਈ ਕਰਨਾ।* "[5]

ਪੰਜਾਬ ਵਿੱਚ ਉਚੇਰੀ ਸਿੱਖਿਆ ਮਹਿੰਗੀ, ਸੀਮਤ ਅਤੇ ਸਮੱਸਿਆਵਾਂ ਭਰਪੂਰ ਹੋ ਗਈ ਹੈ। ਉਚੇਰੀ ਸਿੱਖਿਆ ਲਈ ਸਥਾਪਿਤ ਸੰਸਥਾਵਾਂ ਗਿਆਨ, ਖੋਜ-ਕਾਰਜ ਅਤੇ ਉਸਾਰੀ ਦੇ ਰਾਸ਼ਟਰੀ ਨਿਰਮਾਣ ਵਰਗੇ ਮਹਾਨ ਕਾਰਜਾਂ ਵਿੱਚ ਯੋਗਦਾਨ ਪਾਉਣ ਦੇ ਆਸ਼ੇ ਨੂੰ ਅੱਖੋਂ ਪਰੋਖੇ ਕਰਕੇ ਵਪਾਰਕ ਮੁਨਾਫ਼ਾ-ਖੋਰੀ ਦਾ ਕੇਂਦਰ ਬਣਦੀਆਂ ਜਾ ਰਹੀਆਂ ਹਨ। ਸਿੱਖਿਆ ਸਮਾਜਿਕ ਤਬਦੀਲੀ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ, ਪਰ ਜੇ ਸਿੱਖਿਆ ਮੁਨਾਫ਼ਾ ਆਧਾਰ ਵਰਤਾਰੇ ਦਾ ਅੰਗ ਬਣ ਜਾਵੇ ਤਾਂ ਉਹ ਸਮਾਜ ਅੰਦਰ ਖ਼ਪਤਕਾਰੀ ਸੱਭਿਆਚਾਰ ਪੈਦਾ ਕਰੇਗੀ।

ਹਰ ਰੋਜ਼ ਸੈਂਕੜੇ ਵਿਦਿਆਰਥੀ ਲੱਖਾਂ ਫ਼ੀਸਾਂ ਭਰ ਕੇ, ਜਮੀਨਾਂ ਵੇਚ ਕੇ ਜਾਂ ਗਹਿਣੇ ਰੱਖ ਕੇ, ਘਰ ਵੇਚ ਕੇ ਅਤੇ ਕਰਜ਼ੇ ਚੁੱਕ ਕੇ ਸੁਨਹਿਰੇ ਭਵਿੱਖ ਦੀ ਆਸ ਵਿੱਚ ਬਾਹਰਲੇ ਮੁਲਕਾਂ ਵੱਲ ਭੱਜ ਰਹੇ ਹਨ। ਇਸ ਰੁਝਾਨ ਦਾ ਖ਼ਮਿਆਜਾ ਸਭ ਤੋਂ ਵੱਧ ਪੰਜਾਬ ਵਿੱਚ ਉੱਚ ਸਿੱਖਿਆ ਪ੍ਰਦਾਨ ਕਰਨ ਵਾਲੀਆਂ

 ISSN (Online): 2583-9446

ਸੰਸਥਾਵਾਂ (ਯੂਨੀਵਰਸਿਟੀਆਂ ਅਤੇ ਕਾਲਜਾਂ) ਨੂੰ ਭੁਗਤਣਾ ਪੈ ਰਿਹਾ ਹੈ। ਇਹਨਾਂ ਸੰਸਥਾਵਾਂ ਵਿੱਚ ਕੋਰਸਾਂ ਲਈ ਨਿਯਤ ਕੀਤੀਆਂ ਸੀਟਾਂ ਦੀ ਗਿਣਤੀ ਵੀ ਪੂਰੀ ਨਹੀਂ ਹੋ ਰਹੀ। ਬਹੁਤ ਸਾਰੇ ਕਾਲਜ ਬੰਦ ਹੋਣ ਦੇ ਕਿਨਾਰੇ ਹਨ। ਵਿਦਿਆਰਥੀਆਂ ਅੰਦਰ ਇਸ ਵੱਧ ਰਹੇ ਰੁਝਾਨ ਕਾਰਨ ਜਿੱਥੇ ਟਰੈਵਲ ਏਜੰਟਾਂ ਅਤੇ ਆਇਲਿਟਸ ਸੈਂਟਰਾਂ ਦੇ ਮਾਲਕਾਂ ਦੀ ਚਾਂਦੀ ਲੱਗੀ ਹੋਈ ਹੈ, ਉੱਥੇ ਸਾਡਾ ਸਮਾਜ ਸਿਹਤਮੰਦ ਨੌਜਵਾਨ ਵਰਗ ਦੇ ਅਨਮੋਲ ਸਰਮਾਏ ਅਤੇ ਖ਼ਜ਼ਾਨੇ ਪੱਖੋਂ ਕਮਜ਼ੋਰ ਹੁੰਦਾ ਜਾ ਰਿਹਾ ਹੈ। ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਵੱਡੇ ਪੱਧਰ ਤੇ ਢਾਅ ਲੱਗ ਰਹੀ ਹੈ।

*"ਜਿੱਥੋਂ ਤੱਕ ਵਿਦੇਸ਼ਾਂ ਦੇ ਮਸ਼ਹੂਰ ਅਦਾਰਿਆਂ ਤੇ ਯੂਨੀਵਰਸਿਟੀਆਂ ਦੀ ਗੱਲ ਹੈ, ਉਹਨਾਂ ਦੀ ਰੁਚੀ ਅਧਿਆਪਕਾਂ ਦੀ ਅਦਲਾ-ਬਦਲੀ ਅਤੇ ਸੋਧ ਤੇ ਵਿਕਾਸ ਵਰਗੀਆਂ ਸਰਗਰਮੀਆਂ ਵਿੱਚ ਹੀ ਹੁੰਦੀ ਹੈ। ਜਿਸ ਰਾਹੀਂ ਉਹ ਭਾਰਤ ਦੇ ਅਦਾਰਿਆਂ ਦੀ ਵਰਤੋਂ ਕਰਕੇ ਆਪਣੇ ਖੋਜ-ਕਾਰਜਾਂ ਨੂੰ ਸਸਤੇ ਵਿੱਚ ਨੇਪਰੇ ਚਾੜ੍ਹ ਲੈਂਦੇ ਹਨ। ਵਿਦੇਸ਼ੀ ਯੂਨੀਵਰਸਿਟੀਆਂ ਦਾ ਭਾਰਤੀ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਕੋਈ ਸਰੋਕਾਰ ਨਹੀਂ ਹੈ। ਥੋੜ੍ਹੀ ਜਿੰਨੀ ਘਾਟੇ ਦੀ ਸੰਭਾਵਨਾ ਹੋਵੇ ਤਾਂ ਉਹ ਆਪਣਾ ਬੋਰੀਆ-ਬਿਸਤਰਾ ਸਮੇਟ ਕੇ ਮੁਨਾਫ਼ੇ ਦੀ ਤਲਾਸ਼ ਵਿੱਚ ਕਿਧਰੇ ਹੋਰ ਚਲੇ ਜਾਂਦੇ ਹਨ ਅਤੇ ਵਿਦਿਆਰਥੀਆਂ ਦਾ ਭਵਿੱਖ ਵਿਚ- ਵਿਚਾਲੇ ਲਟਕਿਆ ਰਹਿ ਜਾਂਦਾ ਹੈ। ਵਪਾਰਕ ਸਿੱਖਿਆ ਦੇਣ ਵਾਲੀ ਅਮਰੀਕੀ ਸੰਸਥਾ ਸੇਲਵਨ ਇੰਸਟੀਚਿਊਟ ਘਾਟਾ ਹੁੰਦਾ ਦੇਖ ਪ੍ਰੋਗਰਾਮ ਦੀ ਜਾਂਚ ਛੱਡ ਕੇ ਭੱਜ ਗਿਆ।"[6]*

ਅਜੋਕੇ ਸਮੇਂ ਵਿੱਚ ਉਚੇਰੀ ਸਿੱਖਿਆ ਪ੍ਰਤੀ ਜਿੱਥੇ ਸਾਡੀਆਂ ਸਰਕਾਰਾਂ ਦਾ ਨਾਂਹ-ਪੱਖੀ ਰਵੱਈਆ ਹੈ, ਉੱਥੇ ਉਚੇਰੀ ਸਿੱਖਿਆ ਵਿੱਚ ਵਿਦਿਆਰਥੀਆਂ ਦੇ ਨਾਲ-ਨਾਲ ਮਾਪਿਆਂ ਦੀ ਰੁਚੀ/ਵਿਸ਼ਵਾਸ ਵੀ ਘੱਟ ਰਿਹਾ ਹੈ। ਬਹੁਤ ਘੱਟ ਸਮੇਂ ਵਿੱਚ ਜ਼ਿਆਦਾ ਪੈਸਾ ਇਕੱਠਾ ਕਰਨ ਦੀ ਰੁਚੀ ਤਹਿਤ ਮਨੁੱਖ ਅੰਦਰੋਂ ਮਾਨਵੀ ਕਦਰਾਂ-ਕੀਮਤਾਂ ਮਨਫ਼ੀ ਹੋ ਰਹੀਆਂ ਹਨ। ਜਿਸ ਕਾਰਨ ਹਿੰਸਾ, ਵਿਦਰੋਹ ਅਨੁਸ਼ਾਸਨਹੀਣਤਾ, ਬੇਚੈਨੀ, ਲੜਾਈ-ਝਗੜੇ, ਕੁਕਰਮ, ਅਸਹਿਣਸ਼ੀਲਤਾ, ਤਣਾਓ ਅਤੇ ਭ੍ਰਿਸ਼ਟਾਚਾਰ ਵਰਗੇ ਅਮਾਨਵੀ ਪਹਿਲੂ ਸਾਡੇ ਸਨਮੁੱਖ ਹਨ। ਪੰਜਾਬ ਦੀਆਂ ਲਗਭਗ ਸਾਰੀਆਂ ਸਰਕਾਰੀ ਯੂਨੀਵਰਸਿਟੀਆਂ ਵਿੱਤੀ ਸੰਕਟ ਦਾ ਸ਼ਿਕਾਰ ਹਨ। ਸਰਕਾਰਾਂ ਨੇ ਉੱਚ ਸਿੱਖਿਆ ਦੀ ਜ਼ਿੰਮੇਵਾਰੀ ਤੋਂ ਪਿੱਛਾ ਛੁਡਾ ਕੇ ਸਿੱਖਿਆ ਨੂੰ ਪ੍ਰਾਈਵੇਟ ਹੱਥਾਂ ਵਿੱਚ ਸੌਂਪਣ ਦਾ ਬੀੜਾ ਚੁੱਕਿਆ ਹੋਇਆ ਹੈ। ਸਭ ਤੋਂ ਵੱਡੀ ਖ਼ਾਮੀ ਸਰਕਾਰੀ ਬਜਟ ਦਾ ਬਹੁਤ ਘੱਟ ਹਿੱਸਾ ਉਚੇਰੀ ਸਿੱਖਿਆ ਉੱਪਰ ਖ਼ਰਚ ਹੁੰਦਾ ਹੈ। ਖੋਜ ਦੇ ਕਾਰਜਾਂ ਦਾ ਪੱਧਰ ਮਾੜਾ ਹੈ। ਮਾੜੇ ਨਤੀਜਿਆਂ ਲਈ ਅਧਿਆਪਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਅਧਿਆਪਕਾਂ ਨੂੰ ਸੁੱਖ-ਸਹੂਲਤਾਂ ਦੇਣ ਦੀ ਥਾਂ ਤਨਖਾਹਾਂ ਤੋਂ ਵੀ ਵਾਂਝੇ ਰੱਖਿਆ ਜਾਂਦਾ ਹੈ। ਉਚੇਰੀ ਸਿੱਖਿਆ ਦੇ ਕੋਰਸਾਂ ਦੀ ਫ਼ੀਸ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ। ਉਚੇਰੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦਿਆਰਥੀਆਂ ਲਈ ਨੌਕਰੀਆਂ ਦੇ ਵਸੀਲੇ ਬਹੁਤ ਘੱਟ ਹਨ ਜਾਂ ਫਿਰ ਉਪਲਬਧ ਹੀ ਨਹੀਂ ਹਨ। ਉਚੇਰੀ ਸਿੱਖਿਆ ਵਿੱਚ ਰਾਜਨੀਤਿਕ ਦਖ਼ਲ ਅੰਦਾਜ਼ੀ ਜ਼ਿਆਦਾ ਹੈ। ਸਿੱਖਿਆ ਦੇ ਖ਼ੇਤਰ ਵਿੱਚ ਕੁਝ ਖ਼ਾਸ ਤਰ੍ਹਾਂ ਦੀਆਂ ਤਰਜੀਹਾਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ ਤਾਂ ਜੋ ਇਸ ਰਾਹੀਂ ਪਦਾਰਥਕ ਲੋੜਾਂ ਦੀ ਪੂਰਤੀ ਕਰਨ ਵਾਲੇ ਅਤੇ ਵਸਤਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਵਾਲੇ ਨਾਗਰਿਕ ਪੈਦਾ ਕੀਤੇ ਜਾਣ। "ਉੱਚ ਸਿੱਖਿਆ ਅਦਾਰਿਆਂ ਦੇ ਪ੍ਰਬੰਧਕਾਂ ਦਾ ਧਿਆਨ ਅਕਾਦਮਿਕ ਸਰਗਰਮੀਆਂ ਅਤੇ ਸਿੱਖਿਆ ਦਾ ਪੱਧਰ ਸੁਧਾਰਨ ਦੀ ਥਾਂ ਵੱਧ ਤੋਂ ਵੱਧ ਪੈਸਾ ਇਕੱਠਾ ਕਰਨ ਤੇ ਬਾਜ਼ਾਰ ਦੇ ਉਤਰਾਅ-ਚੜ੍ਹਾ 'ਤੇ ਕੇਂਦਰਿਤ ਹੋ ਗਿਆ ਹੈ।

ਨਵੀਂ ਸਿੱਖਿਆ ਨੀਤੀ-2020 ਦੇ ਐਲਾਨ ਹੋਣ ਤੋਂ ਬਾਅਦ ਸ਼ਾਸਤਰੀਆਂ, ਸਿੱਖਿਆ ਮਾਹਿਰਾਂ ਅਤੇ ਵਿਦਵਾਨਾਂ ਨੇ ਨਵੀਂ ਸਿੱਖਿਆ ਨੀਤੀ- 2020 ਦੇ ਉਚੇਰੀ ਸਿੱਖਿਆ ਉੱਪਰ ਪੈਣ ਵਾਲੇ ਪ੍ਰਭਾਵਾਂ ਨੂੰ ਆਪਣੇ-ਆਪਣੇ ਨਜ਼ਰੀਏ ਤੋਂ ਘੋਖਿਆ ਹੈ। ਇਹਨਾਂ ਸੰਵਾਦਾਂ ਵਿੱਚੋਂ ਉਚੇਰੀ ਸਿੱਖਿਆ ਦਾ ਪੂਰੀ ਤਰ੍ਹਾਂ ਨਾਲ ਨਿੱਜੀਕਰਨ ਅਤੇ ਵਪਾਰੀਕਰਨ ਇਸ ਨਵੀਂ ਸਿੱਖਿਆ ਨੀਤੀ-2020 ਦਾ ਮੁੱਖ ਮੰਤਵ ਨਜ਼ਰ ਆਉਂਦਾ ਹੈ। ਉਚੇਰੀ ਸਿੱਖਿਆ ਦਾ ਨਿੱਜੀਕਰਨ ਅਤੇ ਵਪਾਰੀਕਰਨ ਗਰੀਬਾਂ ਅਤੇ ਮੱਧਵਰਗੀ ਬੱਚਿਆਂ ਤੋਂ ਉਚੇਰੀ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਖੋ ਲਵੇਗਾ। ਜੀ-20 ਦੇ ਤਹਿਤ ਵਿਦੇਸ਼ੀ ਯੂਨੀਵਰਸਿਟੀਆਂ ਦੇ ਆਉਣ ਨਾਲ ਦੇਸ਼ ਦੀ ਆਰਥਿਕਤਾ ਉੱਪਰ ਵੱਡਾ ਪ੍ਰਭਾਵ ਪਵੇਗਾ। ਪਹਿਲਾਂ ਹੀ ਵਿਦੇਸ਼ੀ ਯੂਨੀਵਰਸਿਟੀਆਂ ਸਾਡੇ ਵਿਦਿਆਰਥੀਆਂ ਤੋਂ ਅਰਬਾਂ ਰੁਪਏ ਕਮਾ ਕੇ ਦੇਸ਼ ਦੀ ਆਰਥਿਕਤਾ ਨੂੰ ਕਮਜ਼ੋਰ ਕਰ ਰਹੀਆਂ ਹਨ। ਬਾਕੀ ਰਹਿੰਦੀ ਕਸਰ ਦੇਸ਼ ਵਿੱਚ ਖੁੱਲ੍ਹਣ ਵਾਲੇ ਵਿਦੇਸ਼ੀ ਯੂਨੀਵਰਸਿਟੀਆਂ ਦੇ ਕੈਂਪਸ ਪੂਰੀ ਕਰ ਦੇਣਗੇ। ਇਸ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਉਚੇਰੀ ਸਿੱਖਿਆ, ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਅਤੇ ਵਿਦਿਆਰਥੀਆਂ ਨੂੰ ਗੰਭੀਰ ਸਮੱਸਿਆਵਾਂ ਤੇ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਹੋਵੇਗਾ।

ਉਚੇਰੀ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਵਿੱਚ ਨਿੱਜੀਕਰਨ, ਵਪਾਰੀਕਰਨ ਅਤੇ ਸਰਕਾਰਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚੋਂ ਆਪਣਾ ਹੱਥ ਪਿੱਛੇ ਖਿੱਚੇ ਜਾਣ ਕਾਰਨ ਉਚੇਰੀ ਸਿੱਖਿਆ ਜਿੱਥੇ ਮਹਿੰਗੀ ਹੁੰਦੀ ਜਾ ਰਹੀ ਹੈ, ਉੱਥੇ ਸਮਾਜ ਦਾ ਬਹੁ- ਗਿਣਤੀ ਤਬਕਾ ਉਚੇਰੀ ਸਿੱਖਿਆ ਗ੍ਰਹਿਣ ਕਰਨ ਤੋਂ ਵਾਂਝਾ ਹੁੰਦਾ ਜਾ ਰਿਹਾ ਹੈ। ਪੰਜਾਬ ਦੇ ਸਿੱਖਿਆ ਢਾਂਚੇ ਦੀ ਇਸ ਹਾਲਤ ਕਾਰਨ ਨਿੱਜੀ ਯੂਨੀਵਰਸਿਟੀਆਂ ਧੜਾ ਧੜ ਖੁੱਲ੍ਹ ਰਹੀਆਂ ਹਨ ਅਤੇ ਸਰਕਾਰੀ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਯੂਨੀਵਰਸਿਟੀਆਂ ਦੀ ਹਾਲਤ ਲੜਖੜਾ ਰਹੀ ਹੈ। ਪੰਜਾਬ ਸਰਕਾਰ ਸੂਬੇ ਵਿੱਚ ਕਲੱਸਟਰ ਯੂਨੀਵਰਸਿਟੀਆਂ ਖੋਲ੍ਹਣ ਦੀ ਤਿਆਰੀ ਵੀ ਕਰ ਰਹੀ ਹੈ। ਅਸਲ ਵਿੱਚ ਇਹ ਯੋਜਨਾ ਉਚੇਰੀ ਸਿੱਖਿਆ ਨੂੰ ਵਧੇਰੇ ਯੋਜਨਾ ਵੱਧ ਢੰਗ ਨਾਲ ਨਿੱਜੀ ਹੱਥਾਂ ਵਿੱਚ ਸੌਂਪਣ ਦੀ ਤਰਕੀਬ ਹੈ। ਕੁੱਲ ਮਿਲਾ ਕੇ ਇਸ ਦਾ ਬੋਝ ਵੀ ਵਿਦਿਆਰਥੀਆਂ ਉੱਪਰ ਪਾ ਦਿੱਤਾ ਜਾਵੇਗਾ। ਨਿੱਜੀਕਰਨ ਅਤੇ ਵਪਾਰੀਕਰਨ ਦੀ ਦਿਸ਼ਾ ਵੱਲ ਵੱਧ ਰਹੇ ਉਚੇਰੀ ਸਿੱਖਿਆ ਦੇ ਢਾਂਚੇ ਦਾ ਨਤੀਜਾ ਇਹ ਹੀ ਹੋਵੇਗਾ ਕਿ ਸਿੱਖਿਆ ਦਾ ਖੇਤਰ ਪੂਰੀ ਤਰ੍ਹਾਂ ਮੰਡੀ ਦੀ ਵਸਤੂ ਵਿੱਚ ਤਬਦੀਲ ਹੋ ਜਾਵੇਗਾ। ਉਚੇਰੀ ਸਿੱਖਿਆ ਸਮਾਜ ਦੇ ਉੱਪਰਲੇ ਅਰਥਾਤ ਧਨਾਡ ਵਰਗ ਤੱਕ ਸੀਮਤ ਹੋ ਕੇ ਰਹਿ ਜਾਵੇਗੀ ਤੇ ਬਹੁ- ਗਿਣਤੀ ਲੋਕ ਉਚੇਰੀ ਸਿੱਖਿਆ ਤੋਂ ਵਾਂਝੇ ਰਹਿਣਗੇ।

ਪਦਾਰਥਵਾਦੀ ਦੌੜ ਵਾਲੇ ਇਸ ਯੁੱਗ ਵਿੱਚ ਜਦੋਂ ਪੰਜਾਬ ਵਿੱਚ ਉਚੇਰੀ ਸਿੱਖਿਆ ਅਨੇਕਾਂ ਸਮੱਸਿਆਵਾਂ ਭਰੇ ਮਾਹੌਲ ਵਿੱਚੋਂ ਗੁਜ਼ਰਦੀ ਨਿਘਾਰ ਵੱਲ ਜਾ ਰਹੀ ਹੈ ਤਾਂ ਸਾਡੀਆਂ ਸਰਕਾਰਾਂ ਨੂੰ ਆਪਣੇ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਉਚੇਰੀ ਸਿੱਖਿਆ ਨਾਲ ਜੁੜੇ ਸੰਵੇਦਨਸ਼ੀਲ ਮਸਲਿਆਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਸਰਕਾਰ ਨੂੰ ਉਚੇਰੀ ਸਿੱਖਿਆ ਲਈ ਵੱਧ ਤੋਂ ਵੱਧ ਫੰਡ ਮੁਹੱਈਆ ਕਰਵਾਉਣੇ ਚਾਹੀਦੇ ਹਨ। ਸਿੱਖਿਆ ਪ੍ਰਣਾਲੀ ਨੂੰ ਸਮੇਂ ਦੀ ਹਾਣੀ ਬਣਾਉਣਾ ਚਾਹੀਦਾ ਹੈ। ਅਧਿਆਪਕਾਂ ਅਤੇ ਖੋਜ ਕਰਨ ਵਾਲਿਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉੱਚ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦਿਆਰਥੀਆਂ ਲਈ ਰੁਜ਼ਗਾਰ ਦੇ ਵਸੀਲੇ ਉਪਲਬਧ ਹੋਣੇ ਚਾਹੀਦੇ ਹਨ। ਵਿਦਿਅਕ ਅਦਾਰੇ ਰਾਜਨੀਤਿਕ ਪਾਰਟੀਆਂ ਦੀ ਦਖ਼ਲ ਅੰਦਾਜ਼ੀ ਤੋਂ ਮੁਕਤ ਹੋਣੀ ਚਾਹੀਦੇ ਹਨ। ਸਿੱਖਿਆ ਦੇ ਖ਼ੇਤਰ ਨੂੰ ਵਪਾਰ-ਵਣਜ ਦਾ ਸਾਧਨ ਬਣਾਉਣ ਵਾਲੀ ਭਾਵਨਾ ਖ਼ਤਮ ਹੋਣੀ ਚਾਹੀਦੀ ਹੈ। ਅਧਿਆਪਕ ਵਰਗ ਨੂੰ ਆਪਣਾ ਪੂਰਾ ਧਿਆਨ ਅਧਿਆਪਨ ਦੇ ਕਿੱਤੇ ਉੱਪਰ ਲਗਾਉਣ ਲਈ ਪ੍ਰੇਰਿਤ ਅਤੇ ਉਤਸ਼ਾਹਿਤ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਦੇ ਸਿਲੇਬਸ ਬੋਝਲ ਹੋਣ ਦੀ ਬਜਾਏ ਉਨ੍ਹਾਂ ਅੰਦਰ ਸਿਰਜਣਾਤਮਕ ਰੁਚੀ ਪੈਦਾ ਕਰਨ ਵਾਲੇ ਹੋਣੇ ਚਾਹੀਦੇ ਹਨ। ਉਚੇਰੀ ਸਿੱਖਿਆ ਦਾ ਖ਼ਰਚ ਹਰ ਵਿਦਿਆਰਥੀ ਦੀ ਪਹੁੰਚ ਵਾਲਾ ਹੋਣਾ ਚਾਹੀਦਾ ਹੈ। ਉਚੇਰੀ ਸਿੱਖਿਆ ਦਾ ਨਿੱਜੀਕਰਨ ਅਤੇ ਵਪਾਰੀਕਰਨ ਬੰਦ ਹੋਣਾ ਚਾਹੀਦਾ ਹੈ। ਡਾ.ਇੰਦਰਜੀਤ ਕੌਰ ਨੇ ਉਚੇਰੀ ਸਿੱਖਿਆ ਸੰਬੰਧੀ ਆਪਣੇ ਦਿੱਤੇ ਸੁਝਾਵਾਂ ਵਿੱਚ ਕਿਹਾ ਹੈ ਕਿ,

> *"ਇੱਕ ਚੰਗਾ ਸੰਵੇਦਨਸ਼ੀਲ ਮਨੁੱਖ ਸਮਾਜ ਅਤੇ ਦੇਸ਼ ਲਈ ਲਾਹੇਵੰਦ ਹੋ ਸਕਦਾ ਹੈ। ਸਿੱਖਿਆ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਲੋਕਤੰਤਰੀ ਮੁਲਕ ਵਿੱਚ ਕੇਂਦਰ ਅਤੇ ਰਾਜ ਦੋਵਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਸਿੱਖਿਆ ਨੂੰ ਪਰਉਪਕਾਰ ਲਈ ਵਰਤਣ ਵਾਲੇ ਤੰਦਰੁਸਤ ਸਮਾਜ ਦੀ ਸਿਰਜਣਾ ਲਈ ਲੋਕ-ਪੱਖੀ ਫ਼ੈਸਲੇ ਲੈਣ। ਇਸ ਦੇ ਨਾਲ ਹੀ ਬੁੱਧੀਜੀਵੀਆਂ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵੀ ਚੰਗੇ ਸਮਾਜ ਦੀ ਸਿਰਜਣਾ ਲਈ ਭਰਪੂਰ ਯਤਨ ਕਰਦੇ ਰਹਿਣਾ ਚਾਹੀਦਾ ਹੈ।"*[7]

ਸੋ ਸਮੁੱਚੇ ਰੂਪ ਵਿੱਚ ਦੁਨੀਆਂ ਦੇ ਕਦਮਾਂ ਨਾਲ ਕਦਮ ਮਿਲਾ ਕੇ ਚੱਲਣ ਲਈ ਉਚੇਰੀ ਸਿੱਖਿਆ ਨੂੰ ਪ੍ਰਾਥਮਿਕਤਾ ਦਿੰਦੇ ਹੋਏ ਬਹੁਤ ਸੁਹਿਰਦ ਅਤੇ ਨਿਗਰ ਯਤਨ ਕਰਨੇ ਪੈਣਗੇ ਤਾਂ ਜੋ ਸਾਇੰਸ ਅਤੇ ਟੈਕਨੋਲੋਜੀ ਦੇ ਇਸ ਯੁੱਗ ਵਿੱਚ ਬੁੱਧੀਜੀਵੀਆਂ ਦੇ ਇਨ੍ਹਾਂ ਕੇਂਦਰਾਂ ਤੋਂ ਖੋਜ ਅਤੇ ਗਿਆਨ ਦੇ ਅਜਿਹੇ ਸ੍ਰੋਤ ਫੁੱਟਣ ਕੇ ਦੇਸ਼ ਅਤੇ ਸਮਾਜ ਲਈ ਇਹਨਾਂ ਦੁਆਰਾ ਨਵੇਂ ਸੁਪਨੇ ਸਾਕਾਰ ਕੀਤੇ ਜਾ ਸਕਣ।

## ਹਵਾਲੇ ਅਤੇ ਟਿੱਪਣੀਆਂ

1. *Pucciarelli F., Kaplan Andreas M. (2016), Competition and Strategy in Higher Education: Managing Complexity and Uncertainty, Business Horizons, Volume 59.*

2. https://www.dailypunjabtimes.com/main/archives/49547
3. ਇੰਦਰਜੀਤ ਕੌਰ ( ਡਾ., ਸੰਪਾ.), ਅਜੋਕੀ ਸਿੱਖਿਆ ਪ੍ਰਣਾਲੀ, ਪੂਰਨ ਪ੍ਰਿੰਟਿੰਗ ਪ੍ਰੈੱਸ, ਪਿੰਗਲਵਾੜਾ, ਅੰਮ੍ਰਿਤਸਰ, 2019, ਪੰਨਾ: 86.
4. http://www.mediapunjab.biz/composition?id=3742
5. ਅਜੀਤ ਪਾਲ ਸਿੰਘ (ਡਾ.), ਅਜੋਕੀ ਸਿੱਖਿਆ : ਪ੍ਰਣਾਲੀ ਦਸ਼ਾ ਤੇ ਦਿਸ਼ਾ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2013, ਪੰਨੇ: 59-60.
6. -ਉਹੀ-, ਪੰਨਾ: 41.
7. ਇੰਦਰਜੀਤ ਕੌਰ (ਡਾ., ਸੰਪਾ.), ਅਜੋਕੀ ਸਿੱਖਿਆ ਪ੍ਰਣਾਲੀ, ਪੂਰਨ ਪ੍ਰਿੰਟਿੰਗ ਪ੍ਰੈੱਸ, ਪਿੰਗਲਵਾੜਾ, ਅੰਮ੍ਰਿਤਸਰ, 2019, ਪੰਨਾ: 105.